# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (30 ਮਈ ਤੋਂ 05 ਜੂਨ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| ਮਿਤੀ | ਮੀਂਹ (ਮਿ.ਮੀ.) | | | | | | |
|---|---|---|---|---|---|---|---|
| | ਮਈ ਜੂਨ 2016 | | | | | | |
| | 30 | 31 | 1 | 2 | 3 | 4 | 5 |
| **ਪੰਜਾਬ** | | | | | | | |
| ਬਠਿੰਡਾ | 0 | 0 | 0 | 5 | 0 | 0 | 0 |
| ਫਿਰੋਜ਼ਪੁਰ | 0 | 0 | 0 | 5 | 0 | 0 | 0 |
| ਮੁਕਤਸਰ | 0 | 0 | 0 | 3 | 0 | 0 | 0 |
| ਮਾਨਸਾ | 0 | 0 | 0 | 0 | 0 | 0 | 0 |

**ਸਲਾਹ**

ਨਰਮੇ ਦੀ ਫ਼ਸਲ ਖਾਸ ਕਰਕੇ ਕਪਾਹ ਆਪਣੇ ਸੀਡਲਿੰਗ ਤੋ ਅਗੇਤੀ ਵੈਜੀਟੇਟਿਵ ਅਵਸਥਾ ਵਿੱਚ ਹੈ। ਇਸ ਸਮੇ ਅਪ੍ਰੈਲ ਵਿੱਚ ਬੀਜੀ ਨਰਮੇ ਕਪਾਹ ਦੀ ਫ਼ਸਲ ਦੀ ਪਹਿਲੀ ਸਿੰਚਾਈ ਬਿਜਾਈ ਤੋ ਬਾਅਦ ਕੀੜੇ ਮੋਕੌੜਿਆਂ ਦਾ ਸਰਵੇਖਣ ਚੱਲ ਰਿਹਾ ਹੈ। ਕੁਝ ਥਾਵਾਂ ਤੇ, ਕਿਸਾਨਾਂ ਨਰਮੇ ਦੇ ਫ਼ਸਲ ਦੇ ਖਾਲੀ ਚੌਕੇ ਲਗਾ ਰਹੇ ਹਨ ਅਤੇ ਫ਼ਸਲ ਨੂੰ ਵਿਰਲੇ ਵੀ ਕੀਤਾ ਜਾ ਰਿਹਾ ਹੈ। ਨਰਮੇ ਦੀ ਫ਼ਸਲ ਵਿੱਚ ਕੋਈ ਵੀ ਨਦੀਨ ਨਹੀਂ ਪਾਇਆ ਗਿਆ ਹੈ। ਹਾਲਾਂ ਕਿ ਨਦੀਨ ਖੇਤਾਂ ਦੇ ਵੱਟ ਬੰਨਿਆਂ ਤੇ ਨਾਲ ਲੱਗਦਿਆਂ ਖਾਲੀ ਥਾਵਾਂ ਤੇ ਪਾਏ ਗਏ ਹਨ। ਚਿੱਟੀ ਮੱਖੀ (1-16 ਪ੍ਰਤੀ 3 ਪੱਤਾ) ਅਤੇ ਜੂੰ (0-4 ਪ੍ਰਤੀ ਪੱਤਾ) ਦਾ ਹਮਲਾ ਫਸਲ ਤੇ ਪਾਇਆ ਗਿਆ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਦੀ ਹੈ ਕਿ ਉਹ ਫ਼ਸਲ ਨੂੰ ਕੀੜੇ ਤੋਂ ਬਚਾਉਣ ਲਈ ਫ਼ਸਲ ਦਾ ਸਰਵੇਖਣ ਕਰਨ। ਚਿੱਟੀ ਮੱਖੀ ਅਤੇ ਜੂੰ ਦੀ ਰੋਕਥਾਮ ਲਈ ਕੋਈ ਵੀ ਕੀਟ-ਨਾਸਕ ਦਾ ਛਿੜਕਾਅ ਨਾ ਕਰਨ, ਕਿਉਕਿ ਇਹਨਾਂ ਕੀੜਿਆਂ ਦੀ ਗਿਣਤੀ ਵਿੱਚ ਵਾਧਾ ਸਿਰਫ਼ ਬਦਲਦੇ ਮੌਸਮੀ ਹਾਲਾਤਾਂ ਕਰਕੇ ਹੈ।**ਨਦੀਨਾਂ ਦੀ ਰੋਕਥਾਮ** :- ਖੇਤ ਤਿਆਰ ਕਰਨ ਤੋਂ ਪਹਿਲਾਂ ਨਦੀਨਾਂ ਨੂੰ ਖ਼ਤਮ ਕਰੋ ਅਤੇ ਬਿਜਾਈ ਤੋਂ ਬਾਅਦ ਖੇਤ ਅਤੇ ਉਸ ਦੇ ਆਲੇ-ਦੁਆਲੇ ਦੀ ਸਾਫ਼ ਸਫਾਈ ਰੱਖੋ। ਜਦੋ ਨਰਮੇ-ਕਪਾਹ ਦੀ ਫ਼ਸਲ ਦੀ ਬਿਜਾਈ ਅਪ੍ਰੈਲ ਵਿੱਚ ਹੋਈ ਹੋਵੇ ਅਤੇ ਫ਼ਸਲ 5-6 ਹਫ਼ਤਿਆਂ ਦੀ ਹੋਵੇ ਤਾਂ ਪਹਿਲੀ ਸਿੰਚਾਈ ਤੋ ਬਾਅਦ ਬੂਟਿਆਂ ਨੂੰ ਵਿਰਲੇ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜੇਕਰ ਖੇਤ ਵਿੱਚ ਜੜ੍ਹ ਸੜਨ ਦੇ ਰੋਗ ਦਾ ਇਤਿਹਾਸ ਹੈ ਅਤੇ ਲੱਛਣ ਸ਼ੁਰੂ ਹੋ ਗਏ ਹਨ ਤਾਂ ਕਿਸਾਨ ਵੀਰਾਂ ਨੂੰ ਬੈਵੀਸਟਿਨ @ 1 ਗ੍ਰਾਮ ਪ੍ਰਤੀ ਲਿਟਰ ਦੇ ਹਿਸਾਬ ਨਾਲ ਕਪਾਹ ਦੇ ਪੌਦੇ ਦੇ ਜੜ੍ਹਾਂ ਦੇ ਨੇੜੇ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਫਰੀਦਕੋਟ ਵਿਖੇ ਕਪਾਹ ਦੀ ਬਿਜਾਈ ਮੁਕੰਮਲ ਹੋ ਗਈ ਹੈ। ਫ਼ਸਲ ਦੀ

| | | | | | | | | |
|---|---|---|---|---|---|---|---|---|
| | | | | | | | | ਪਹਿਲੀ ਸਿੰਚਾਈ ਬਿਜਾਈ ਦੇ 1 ਮਹੀਨਾ ਬਾਅਦ ਕਰੋ ਕਿਉਕਿ ਜ਼ਿਆਦਾ ਤਾਪਮਾਨ ਬੂਟਿਆਂ ਦੇ ਝੁਲਸਣ ਦਾ ਕਾਰਨ ਬਣਦਾ ਹੈ। ਸਿੰਚਾਈ ਦੇ ਬਾਅਦ ਯੂਰੀਆ ਦੀ ਅੱਧੀ ਖੁਰਾਕ 65 ਕਿਲੋ (ਬੀ.ਟੀ.ਨਰਮੇ ਲਈ) ਅਤੇ ਗੈਰ ਬੀ.ਟੀ ਲਈ 30-35 ਕਿਲੋ ਦੇ ਹਿਸਾਬ ਨਾਲ ਪਾਉਣਾ ਚਾਹੀਦਾ ਹੈ। |
| **ਹਰਿਆਣਾ0** | | | | | | | | ਹਿਸਾਰ ਵਿੱਚ ਫ਼ਸਲ ਸੀਡਲਿੰਗ ਅਵਸਥਾ ਵਿੱਚ ਹੈ। ਹਿਸਾਰ ਅਤੇ ਫ਼ਤਿਆਬਾਦ ਦੀਆਂ ਕੁਝ ਥਾਵਾਂ ਤੇ ਸਰਵੇਖਣ ਦੇ ਦੌਰਾਨ ਚਿੱਟੀ ਮੱਖੀ (0-9 ਪ੍ਰਤੀ 3 ਪੱਤਾ) ਪਾਈ ਗਈ ਹੈ। ਕੁਝ ਥਾਵਾਂ ਤੇ ਕਪਾਹ ਦੇ ਖੇਤਾਂ ਵਿੱਚ ਜੜ੍ਹ ਗਲਣ ਦੇ ਰੋਗ ਨੂੰ ਵੀ ਦੇਖਿਆ ਗਿਆ ਹੈ। ਹਿਸਾਰ ਅਤੇ ਫਤਿਆਬਾਦ ਜਿਲ੍ਹੇ ਦੇ ਖੇਤਾਂ ਵਿੱਚ ਚਿੱਟੀ ਮੱਖੀ (1-2 ਪ੍ਰਤੀ ਪੱਤਾ) ਪਾਈ ਗਈ ਹੈ। ਪਿੰਡ ਕੁਲਾਣਾ (ਹੰਸੀ ਬਲਾਕ) ਜਿਨ੍ਹਾਂ ਦੇ ਖੇਤਾਂ ਵਿੱਚ ਕਪਾਹ ਦੀ ਫ਼ਸਲ ਵਿਚਾਲੇ ਖੀਰੇ ਜਾਂ ਕੱਦੂ ਦੀ ਕਾਸ਼ਤ ਕੀਤੀ ਉਥੇ ਕਪਾਹ ਦੀ ਫ਼ਸਲ ਤੇ 4-5 ਚਿੱਟੀ ਮੱਖੀ ਦੇ ਬਾਲਗ ਪ੍ਰਤੀ ਪੱਤਾ ਪਾਏ ਗਏ। ਕਪਾਹ ਤੇ ਜ਼ਿਆਦਾ ਚਿੱਟੀ ਮੱਖੀ ਦੇ ਪਾਏ ਜਾਣ ਦਾ ਕਾਰਨ ਖੀਰੇ ਦੀ ਫ਼ਸਲ ਹੈ ਕਿਉਕਿ ਖੀਰੇ ਤੇ ਚਿੱਟੀ ਮੱਖੀ ਅਤੇ ਇਸ ਦੇ ਬਾਲਗ (ਨਿਮਫ) (30-40 ਪ੍ਰਤੀ ਪੱਤਾ) ਦਾ ਹਮਲਾ ਜ਼ਿਆਦਾ ਪਾਇਆ ਗਿਆ ਹੈ। ਪਿੰਡ ਜੰਡਾਲੀਖੁਰਦ ਵਿੱਚ ਵੀ ਜੂੰ ਦਾ ਹਮਲਾ ਦੇਖਿਆ ਗਿਆ। ਮਿਲੀ ਬੱਗ ਦਾ ਹਮਲਾ ਨਦੀਨਾਂ ਉਤੇ ਜਿਵੇ ਕਿ ਕੰਘੀ ਬੂਟੀ, ਪੀਲੀ ਬੂਟੀ ਅਤੇ ਗਾਜਰ ਬੂਟੀ ਤੇ ਹੀ ਪਾਇਆ ਗਿਆ ਹੈ। ਕਿਸਾਨ ਵੀਰਾਂ ਨੂੰ ਖੇਤਾਂ ਵਿੱਚੋ ਅਤੇ ਖੇਤਾਂ ਦੇ ਆਲੇ-ਦੁਆਲੇ ਤੋ ਨਦੀਨਾਂ ਨੂੰ ਖ਼ਤਮ ਕਰਨ ਦੀ ਸਲਾਹ ਦਿੱਤੀ ਗਈ ਹੈ।<br>ਸੰਤੁਲਤ ਰਸਾਇਣਕ ਖਾਦਾਂ ਦੀ ਵਰਤੋ ਕਰਨ ਦੀ ਸਿਫ਼ਾਰਿਸ਼ ਕੀਤੀ ਗਈ। ਇਸ ਸਮੇ ਦੌਰਾਨ ਚਿੱਟੀ ਮੱਖੀ ਨੂੰ ਸਭ ਤੋ ਜ਼ਿਆਦਾ ਕੱਦੂ ਜਾਤੀ ਤੇ ਦੇਖਿਆ ਗਿਆ ਅਤੇ ਇਸ ਲਈ ਚਿੱਟੀ ਮੱਖੀ ਦੀ ਰੋਕਥਾਮ ਤੇ ਲਗਾਤਾਰ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਕਿਸਾਨ ਵੀਰਾਂ ਨੂੰ ਹਰ ਹਫ਼ਤੇ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਸਪਰੇਅ ਦੇ ਛਿੜਕਾਅ ਵਿੱਚ ਜਿੰਨੀ ਵੱਧ ਤੋ ਵੱਧ ਦੇਰੀ ਹੋ ਸਕੇ ਕਰਨ ਲਈ ਕਿਹਾ ਜਾਂਦਾ ਹੈ। ਜੇਕਰ ਜ਼ਿਆਦਾ ਜ਼ਰੂਰਤ ਹੋਵੇ ਤਾਂ ਨਿੰਮਬੈਸੀਡੀਨ 300 |
| ਸਰਸਾ | 0 | 0 | 0 | 0 | 0 | 0 | 0 | |
| ਹਿਸਾਰ | 0 | 0 | 0 | 0 | 0 | 0 | 0 | |
| ਫਤਿਆਬਾਦ | 0 | 0 | 0 | 0 | 0 | 0 | 0 | |

| | | | | | | | | |
|---|---|---|---|---|---|---|---|---|
| | | | | | | | | ਪੀ.ਪੀ.ਐਮ @ 1 ਲਿਟਰ ਪ੍ਰਤੀ ਏਕੜ ਨੂੰ 200 ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਜੇਕਰ ਲੂ ਵਗਦੀ ਹੈ ਤਾਂ ਚਿੱਟੀ ਮੱਖੀ ਦੀ ਗਿਣਤੀ ਘੱਟ ਰਹੇਗੀ ਪ੍ਰੰਤੂ, ਜੇ ਹਵਾ ਵਿੱਚ ਨਮੀ ਜ਼ਿਆਦਾ ਹੋ ਗਈ ਅਤੇ ਤਾਪਮਾਨ ਘੱਟ ਗਿਆ ਤਾਂ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੋਵੇਗਾ। ਜਿਵੇ ਂ ਕਿ ਪ੍ਰਜੀਵੀ, ਏਨੇਸੀਅਸ ਮਿਲੀਬਗ ਦੀ ਕੁਦਰਤੀ ਰੋਕਥਾਮ ਕਰਦਾ ਹੈ ਅਤੇ ਇਸ ਨਾਲ ਮਿਲੀਬਗ ਦੀ ਗਿਣਤੀ ਘੱਟ ਰਹੇਗੀ ਅਤੇ ਇਸ ਕੀੜੇ ਦੀ ਰੋਕਥਾਮ ਲਈ ਕੋਈ ਵੀ ਸਪਰੇਅ ਕਰਨ ਦੀ ਲੋੜ ਨਹੀ ਹੈ। |
| **ਰਾਜਸਥਾਨ** | | | | | | | | |
| ਹਨੁਮਾਨਗੜ੍ਹ | 0 | 0 | 0 | 0 | 0 | 0 | 0 | ਨਹਿਰੀ ਪਾਣੀ ਦੇ ਦੇਰੀ ਨਾਲ ਆਉਣ ਕਰਕੇ ਨਰਮੇ-ਕਪਾਹ ਦੀ ਬਿਜਾਈ ਵੀ ਲੇਟ ਹੋ ਗਈ ਹੈ। |
| ਸ੍ਰੀ ਗੰਗਾਨਗਰ | 0 | 0 | 0 | 0 | 0 | 0 | 0 | |
| ਬਾਂਸਵਾੜਾ | 0 | 0 | 0 | 0 | 0 | 0 | 0 | |